# ਭਾਰਤ-UK ਦੇ ਸੰਯੁਕਤ ਕਾਰਜ ਸਮੂਹ ਦੀ ਅੱਤਵਾਦ ਦੇ ਵਿਰੋਧ 'ਤੇ 16ਵੀਂ ਬੈਠਕ

ਮਈ 22, 2024

ਅੱਤਵਾਦ ਦੇ ਵਿਰੋਧੀ 'ਤੇ ਭਾਰਤ-ਯੂਨਾਈਟਿਡ ਕਿੰਗਡਮ ਦੇ ਸੰਯੁਕਤ ਕਾਰਜ ਸਮੂਹ ਦੀ 16ਵੀਂ ਬੈਠਕ 21 ਮਈ 2024 ਨੂੰ ਨਵੀਂ ਦਿੱਲੀ ਵਿੱਚ ਹੋਈ। ਵਿਦੇਸ਼ ਮੰਤਰਾਲੇ ਵਿੱਚ ਕਾਊਂਟਰ ਟੈਰਰਿਜ਼ਮ ਦੇ ਵਾਸਤੇ ਸੰਯੁਕਤ ਸਕੱਤਰ, ਸ਼੍ਰੀ ਕੇ.ਡੀ. ਦੇਵਲ ਅਤੇ ਯੂਨਾਈਟਿਡ ਕਿੰਗਡਮ ਸਰਕਾਰ ਦੇ ਕਾਊਂਟਰ ਟੈਰਰਿਜ਼ਮ ਨੈੱਟਵਰਕ ਫਾਰ ਏਸ਼ੀਆ ਐਂਡ ਓਸ਼ੇਨੀਆ ਦੇ ਮੁਖੀ ਸ਼੍ਰੀ ਕ੍ਰਿਸ ਫੇਲਟਨ ਨੇ ਦੋਵੇਂ ਮੁਲਕਾਂ ਦੇ ਦਰਮਿਆਨ ਚੱਲ ਰਹੇ ਅੱਤਵਾਦ ਦੇ ਵਿਰੋਧੀ ਲਈ ਸਹਿਯੋਗ ਬਾਰੇ ਚਰਚਾ ਕਰਨ ਦੇ ਵਾਸਤੇ ਸਬੰਧਤ ਵਫ਼ਦਾਂ ਦੀ ਅਗਵਾਈ ਕੀਤੀ।

ਭਾਰਤ ਅਤੇ UK ਨੇ ਅੱਤਵਾਦੀਆਂ ਦੀ ਸਰਹੱਦ ਪਾਰ ਆਵਾਜਾਈ ਸਮੇਤ ਅੱਤਵਾਦ ਦੇ ਸਾਰੇ ਰੂਪਾਂ ਅਤੇ ਪ੍ਰਗਟਾਵਿਆਂ ਦੀ ਸਖ਼ਤ ਨਿੰਦਾ ਕੀਤੀ ਅਤੇ ਸੰਯੁਕਤ ਰਾਸ਼ਟਰ (UN) ਦੇ ਚਾਰਟਰ ਅਤੇ ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਵਿਆਪਕ ਅਤੇ ਨਿਰੰਤਰ ਤਰੀਕੇ ਨਾਲ ਅੱਤਵਾਦ ਦਾ ਮੁਕਾਬਲਾ ਕਰਨ ਦੇ ਵਾਸਤੇ ਅੰਤਰਰਾਸ਼ਟਰੀ ਸਹਿਯੋਗ ਨੂੰ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ।

ਦੋਵੇਂ ਪੱਖਾਂ ਨੇ ਆਪਣੇ-ਆਪਣੇ ਇਲਾਕਿਆਂ ਅਤੇ ਖੇਤਰਾਂ ਦੇ ਵਿੱਚ ਅੱਤਵਾਦੀ ਅਤੇ ਕੱਟੜਪੰਥੀ ਖਤਰਿਆਂ ਬਾਰੇ ਆਪਣੇ ਮੁਲਾਂਕਣ ਸਾਂਝੇ ਕੀਤੇ ਜਿਨ੍ਹਾਂ ਦੇ ਵਿੱਚ ਅਜਿਹੇ ਅੱਤਵਾਦੀ ਸੰਸਥਾਵਾਂ ਅਤੇ ਵਿਅਕਤੀਆਂ ਦੁਆਰਾ ਪੈਦਾ ਕੀਤੇ ਗਏ ਖਤਰੇ ਸ਼ਾਮਲ ਹਨ ਜਿਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਅੱਤਵਾਦੀ ਮੰਨਿਆ ਗਿਆ ਹੈ। ਦੋਵੇਂ ਪੱਖਾਂ ਨੇ ਅੱਤਵਾਦ ਨਾਲ ਨਜਿੱਠਣ ਲਈ, ਇੱਕ ਸਾਧਨ ਵਜੋਂ, ਵਿਅਕਤੀਗਤ ਅੱਤਵਾਦੀਆਂ ਅਤੇ ਸੰਸਥਾਵਾਂ 'ਤੇ ਪਾਬੰਦੀ ਲਗਾਉਣ 'ਤੇ ਅਤੇ ਨਾਲ ਹੀ ਬਹੁਪੱਖੀ ਫੋਰਮਾਂ ਵਿੱਚ ਮਿਲ ਕੇ ਕੰਮ ਕਰਨ ਦੇ ਤਰੀਕਿਆਂ ਬਾਰੇ ਵੀ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ।

ਦੋਵਾਂ ਮੁਲਕਾਂ ਨੇ ਅੱਤਵਾਦ ਵਿਰੋਧੀ (ਕਾਊਂਟਰ ਟੈਰਰਿਜ਼ਮ - CT) ਚੁਣੌਤੀਆਂ ਦੀ ਇੱਕ ਪੂਰੀ ਰੇਂਜ ਦੇ ਉੱਤੇ ਆਪਣੇ ਦ੍ਰਿਸ਼ਟੀਕੋਣ ਸਾਂਝੇ ਕੀਤੇ: ਕੱਟੜਵਾਦ ਅਤੇ ਹਿੰਸਕ ਅਤਿਵਾਦ ਦਾ ਮੁਕਾਬਲਾ ਕਰਨਾ; ਅੱਤਵਾਦ ਦੇ ਵਿੱਤ ਪੋਸ਼ਣ ਦਾ ਟਾਕਰਾ ਕਰਨਾ; ਅੱਤਵਾਦ ਲਈ ਨਵੀਂ ਅਤੇ ਉੱਭਰ ਰਹੀਆਂ ਟੈਕਨੋਲੋਜੀਆਂ ਦੀ ਦੁਰਵਰਤੋਂ ਨੂੰ ਰੋਕਣਾ; ਕਾਨੂੰਨ ਲਾਗੂ ਕਰਨਾ ਅਤੇ ਨਿਆਂਇਕ ਸਹਿਯੋਗ; ਜਾਣਕਾਰੀ ਸਾਂਝੀ ਕਰਨਾ; ਹਵਾਈ ਅਤੇ ਸਮੁੰਦਰੀ ਸੁਰੱਖਿਆ। ਇਨ੍ਹਾਂ ਸਾਂਝੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਦੁਵੱਲੇ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਅਤੇ ਡੂੰਘਾ ਕਰਨ 'ਤੇ ਸਹਿਮਤੀ ਬਣੀ।

ਭਾਰਤ-UK ਦੇ ਸੰਯੁਕਤ ਕਾਰਜ ਸਮੂਹ ਦੀ ਅੱਤਵਾਦ ਵਿਰੋਧ 'ਤੇ 17ਵੀਂ ਬੈਠਕ, ਇੰਗਲੈਂਡ ਦੇ ਵਿੱਚ ਇੱਕ ਆਪਸੀ ਸੁਵਿਧਾਜਨਕ ਤਾਰੀਖ 'ਤੇ ਆਯੋਜਿਤ ਕੀਤੀ ਜਾਵੇਗੀ।

**ਨਵੀਂ ਦਿੱਲੀ**
**ਮਈ 22, 2024**